ਕੀ ਤੁਸੀਂ ਕੰਮ ਦਾ
ਕੀਮਤੀ ਅਨੁਭਵ ਪ੍ਰਾਪਤ ਕਰਨਾ
ਚਾਹੁੰਦੇ ਹੋ?

ਕੀ ਤੁਸੀਂ ਆਪਣੀਆਂ ਵਰਤਮਾਨ
ਯੋਗਤਾਵਾਂ ਨੂੰ ਆਧੁਨਿਕ
ਬਨਾਉਣਾ ਚਾਹੁੰਦੇ ਹੋ?

ਕੀ ਤੁਸੀਂ ਰੁਜ਼ਗਾਰ
ਲਈ ਸੰਪਰਕ
ਬਨਾਉਣੇ ਚਾਹੋਗੇ?

## ਤੁਹਾਨੂੰ ਹੱਲ ਦੱਸਣ ਵਿੱਚ ਸਾਨੂੰ ਖੁਸ਼ੀ ਹੋ ਰਹੀ ਹੈ...

# ਕਮੀਓਨਟੀ ਪਾਰਟੀਸਿਪੇਸ਼ਨ ਪਰੋਗ੍ਰਾਮ

**The Community Participation Program**

## ਆਪਣੇ ਲਈ ਰੁਜ਼ਗ਼ਾਰ ਭਾਲਣ ਵਿੱਚ ਸਹਾਇਤਾ ਕਰਨ ਲਈ ਸਾਡੀ ਸਹਾਇਤਾ ਕਰੋ।

Punjabi 2005

"ਕਮੀਓਨਟੀ ਪਾਰਟੀਸਿਪੇਸ਼ਨ ਪਰੋਗ੍ਰਾਮ ਸਾਡੀ ਏਜੰਸੀ ਅਤੇ ਸਹਿਭਾਗੀ ਦੋਨਾਂ ਲਈ ਸਫਲ ਰਿਹਾ ਹੈ। ਜਿਸ ਸਹਿਭਾਗੀ ਨੇ ਸਾਡੇ ਨਾਲ ਕੰਮ ਕੀਤਾ ਉਸਨੇ ਪੂਰੇ ਸਮੇਂ ਦਾ ਕੰਮ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਵਾਲੀਆਂ ਹਰ ਤਰ੍ਹਾਂ ਦੀਆਂ ਜ਼ਰੂਰੀ ਯੋਗਤਾਵਾਂ ਵਿਕਸਿਤ ਕਰ ਲਈਆਂ। ਦਰਅਸਲ ਅਗਲੇ ਹਫਤੇ ਉਸਦਾ ਸਾਡੀ ਸੰਸਥਾ ਦੇ ਪ੍ਰਾਂਤੀ ਦਫਤਰ ਵਿੱਚ ਇੰਟਰਵਿਊ ਹੈ। ਉਸਦੇ ਇਸ ਉੱਦਮ ਵਿੱਚ ਸਾਡੇ ਸਥਾਨਕ ਖੰਡ ਦਾ ਪ੍ਰਧਾਨ ਤੇ ਮੈਂ ਨਿਸ਼ਚਿਤ ਹੀ ਦੋ ਜ਼ੋਰਦਾਰ ਪਰੀਚੈ ਹੋਵਾਂਗੇ।"

**Trish Robichaud**
**Director of IFS**
**York North Chapter of the**
**MS Society of Canada**

"Ontario Works ਪਰੋਗ੍ਰਾਮ Information Markham ਲਈ ਫ਼ਾਇਦੇਮੰਦ ਰਿਹਾ ਹੈ। ਸਾਰੇ ਹੀ ਸਹਿਭਾਗੀ ਜਿਨ੍ਹਾਂ ਦੇ ਨਾਲ ਅਸੀਂ ਕੰਮ ਕੀਤਾ ਹੈ ਉਤਸ਼ਾਹੀ ਤੇ ਸਮਰਪਿਤ ਸਨ। ਉਨ੍ਹਾਂ ਨੂੰ ਕਿਰਤੀਆਂ ਵਿੱਚ ਵਾਪਸ ਪਰਤਨ ਵਿੱਚ ਸਮਰੱਥ ਬਨਾਉਣਾ ਅਨੰਦਦਾਇਕ ਰਿਹਾ ਹੈ।"

**Leslie Walker**
**Executive Director**
**Information Markham**

York Region


**Community Services and Housing Department**
Social Assistance Division
Ontario Works Program
17250 Yonge Street, Box 147
Newmarket, Ontario L3Y 6Z1

ਵਧੇਰੀ ਜਾਣਕਾਰੀ ਲਈ,
ਕ੍ਰਿਪਾ ਕਰਕੇ ਸਾਨੂੰ 1-800-662-6640 ਤੇ ਫੋਨ ਕਰੋ
ਜਾਂ ਸਥਾਨਕ ਨੰ: (905) 895-0418
ਜਾਂ ਸਾਨੂੰ (905) 895-5045 ਤੇ ਫੈਕਸ ਕਰੋ

www.york.ca




# ਉੱਜਲ ਭਵਿੱਖ ਲਈ

## ...ਸਾਂਝਿਆਂ, ਅਸੀਂ ਇਹ ਕਰ ਲਵਾਂਗੇ

ਜਦੋਂ ਤੁਸੀਂ
ਸਵੈ ਸੇਵਾ ਕਰਦੇ ਹੋ ਤਾਂ
ਹਰ ਇਕ ਨੂੰ ਫਾਇਦਾ ਹੁੰਦਾ ਹੈ



ਕੰਮ ਦੇ ਨਾਲ-2 ਸਿਖਲਾਈ
ਅਤੇ ਮੇਲਜੋਲ ਬਨਾਉਣਾ




ਰੁਜ਼ਗਾਰ
ਸਹਾਇਤਾ ਦੇਣਾ



ਬੱਚਿਆਂ ਦੀ ਦੇਖਭਾਲ ਫੀਸ
ਦੀ ਸਹਾਇਤਾ ਉਪਲਬਧ ਹੈ

York Region

## ਕਮੀਓਨਟੀ ਪਾਰਟੀਸਿਪੇਸ਼ਨ ਪਰੋਗ੍ਰਾਮ ਕੀ ਹੈ?

ਕਮੀਓਨਟੀ ਪਾਰਟੀਸਿਪੇਸ਼ਨ ਪਰੋਗ੍ਰਾਮ Ontario Works ਪਰੋਗ੍ਰਾਮ ਦਾ ਇੱਕ ਅੰਗ ਹੈ ਜੋ ਤੁਹਾਨੂੰ, Ontario Works ਪਰੋਗ੍ਰਾਮ ਸਹਿਭਾਗੀ ਨੂੰ, ਬੁਨਿਆਦੀ ਮੇਲਜੋਲ ਵਧਾਉਣ ਅਤੇ ਬਹੁਮੁੱਲਾ ਅਨੁਭਵ ਅਤੇ ਰੁਜ਼ਗਾਰ ਸੰਬਧੀ ਯੋਗਤਾਵਾਂ ਪ੍ਰਾਪਤ ਕਰਨ ਦਾ ਅਵਸਰ ਪ੍ਰਦਾਨ ਕਰਦਾ ਹੈ।

ਜਦੋਂ ਤੁਸੀਂ ਕਮੀਓਨਟੀ ਪਾਰਟੀਸਿਪੇਸ਼ਨ ਪਰੋਗ੍ਰਾਮ ਦੇ ਰਾਹੀਂ ਕਿਸੇ ਸੰਗਠਨ ਦੇ ਨਾਲ ਸਵੈ ਸੇਵਕ ਦੇ ਤੌਰ ਤੇ ਲਾਏ ਜਾਂਦੇ ਹੋ ਤਾਂ Ontario Works ਪਰੋਗ੍ਰਾਮ ਸਹਿਭਾਗੀ ਦੇ ਤੌਰ ਤੇ ਤੁਸੀਂ ਸਮਾਜਿਕ ਸਹਾਇਤਾ ਪ੍ਰਾਪਤ ਕਰਦੇ ਰਹੋਗੇ। ਆਵਾਜਾਈ ਦੇ ਖਰਚੇ, ਸਿਖਲਾਈ ਦੇ ਖਰਚੇ, ਬੱਚਿਆਂ ਦੀ ਦੇਖਭਾਲ, ਵਿਸ਼ੇਸ਼ ਵਸਤਰ ਜਾਂ ਸਾਜੋ ਸਮਾਨ ਲੈਣ ਵਿੱਚ ਮੱਦਦ ਲਈ ਤੁਹਾਨੂੰ Employment Related Expenses (ERE) ਲੈਣ ਦਾ ਵੀ ਹੱਕ ਹੋਵੇਗਾ।

ਕਮੀਓਨਟੀ ਜਮਾਤਾਂ, ਸੇਵਾ ਸਭਾਵਾਂ ਅਤੇ ਸਰਕਾਰੀ ਜਾਂ ਲਾਭਰੈਹਤ ਸੰਗਠਨ ਕਮੀਓਨਟੀ ਪਾਰਟੀਸਿਪੇਸ਼ਨ ਅਵਸਰਾਂ ਦੀ ਸਰਪ੍ਰਸਤੀ ਕਰ ਸਕਦੇ ਹਨ।

## ਮੈ ਕਮੀਓਨਟੀ ਪਾਰਟੀਸਿਪੇਸ਼ਨ ਪਰੋਗ੍ਰਾਮ ਵਿੱਚ ਭਾਗ ਕਿਉਂ ਲਵਾਂ?

ਕਮੀਓਨਟੀ ਪਾਰਟੀਸਿਪੇਸ਼ਨ ਅਵਸਰ ਤੁਹਾਡੀਆਂ ਵਰਤਮਾਨ ਯੋਗਤਾਵਾਂ ਨੂੰ ਕਾਇਮ ਰੱਖਣ, ਨਵੇਂ ਪਰੀਚੈ ਪ੍ਰਾਪਤ ਕਰਨ, ਰੋਜ਼ਗਾਰ ਲਈ ਸੰਪਰਕ ਬਨਾਉਣ, ਨਵੀਂਆਂ ਯੋਗਤਾਵਾਂ ਅਤੇ ਅਨੁਭਵ ਪ੍ਰਾਪਤ ਕਰਨ, ਸਵੈ ਮਾਣ ਵਧਾਉਣ ਅਤੇ ਆਤਮ ਵਿਸ਼ਵਾਸ ਪੈਦਾ ਕਰਨ ਦੇ ਨਾਲ ਨਾਲ ਆਪਣੀ ਕਮੀਓਨਟੀ ਨੂੰ ਪਰਤ ਕੇ ਦੇਣ ਵਿੱਚ ਤੁਹਾਡੀ ਸਹਾਇਤਾ ਕਰਨ ਦਾ ਇੱਕ ਬੇਹਤਰੀਨ ਤਰੀਕਾ ਹੈ।

ਯਾਦ ਰਹੇ,Ontario Works ਦਾ ਉਦੇਸ਼ ਸਾਫ ਹੈ – ਲੋਕਾਂ ਨੂੰ ਵਾਪਸ ਆਤਮ ਨਿਰਭਰਤਾ ਦੇ ਰਾਹ ਤੇ ਪਾਉਣਾ।

## ਸਵੈ ਵਿਕਰੈ ਕੀ ਹੈ?

ਸਵੈ ਵਿਕਰੈ ਤੁਹਾਡੇ ਯੋਗ ਸਵੈ ਸੇਵਾ ਅਵਸਰ ਨੂੰ ਭਾਲਣ ਦਾ ਸਭ ਤੋਂ ਉਤਮ ਤਰੀਕਾ ਹੈ। ਸਵੈ ਵਿਕਰੈ ਨਾਲ ਤੁਸੀਂ ਉਹ ਸੰਸਥਾ ਚੁਣ ਸਕਦੇ ਹੋ ਜਿਹੜੀ ਤੁਹਾਨੂੰ ਕੁਝ ਯੋਗਤਾਵਾਂ ਸਿੱਖਣ ਜਾਂ ਉਹਨਾਂ ਨੂੰ ਇਸਤੇਮਾਲ ਕਰਨ ਵਿੱਚ ਤੁਹਾਡੀ ਮੱਦਦ ਕਰੇਗੀ ਅਤੇ ਤੁਸੀਂ ਉਹ ਸੰਸਥਾ ਚੁਣ ਸਕਦੇ ਹੋ ਜਿਹੜੀ ਤੁਹਾਡੇ ਲਈ ਸੁਵਿਧਾਜਨਕ ਖੇਤਰ ਵਿੱਚ ਸਥਿਤ ਹੋਵੇ। ਐਸੇ ਕਈ ਥਾਂ ਹਨ ਜਿਥੋਂ ਤੁਸੀਂ ਸਵੈ ਸੇਵਾ ਦੇ ਅਵਸਰਾਂ ਦੀ ਭਾਲ ਸ਼ੁਰੂ ਕਰ ਸਕਦੇ ਹੋ: ਕਮੀਓਨਟੀ ਨਿਰਦੇਸ਼ਕਾ ਜਿਵੇਂਕਿ YorkLink, ਸਥਾਨਕ ਅਖਬਾਰ, ਸਥਾਨਕ ਲਾਇਬਰੇਰੀਆਂ, ਯੈਲੋ ਪੇਜਜ਼, ਅਤੇ, ਨਿਸ਼ਚੇ ਹੀ, ਤੁਹਾਡਾ ਸਥਾਨਕ Ontario Works ਦਫਤਰ।

ਜੇ ਸਵੈ ਵਿਕਰੈ ਤੁਹਾਨੂੰ ਇੱਕ ਅਵਸਰ ਦੀ ਤਰ੍ਹਾਂ ਲਗਦਾ ਹੈ ਜਿਸਨੂੰ ਤੁਸੀਂ ਅਪਣਾਉਣਾ ਚਾਹੋਗੇ ਤਾਂ ਤੁਹਾਡੇ ਸਥਾਨਕ Ontario Works ਦਫਤਰ ਦੇ ਕਰਮਚਾਰੀ ਤੁਹਾਨੂੰ ਸ਼ੁਰੂਆਤ ਕਰਨ ਵਿੱਚ ਸਹਾਇਤਾ ਕਰਨ ਲਈ ਜ਼ਰੂਰੀ ਸਵੈ ਵਿਕਰੈ ਦਾ ਸਾਜ਼ ਸਮਾਨ ਦੇ ਸਕਦੇ ਹਨ। ਇਹ ਸਾਜ਼ ਸਮਾਨ ਤੁਹਾਨੂੰ ਸਵੈ ਵਿਕਰੈ ਪਰਨਾਲੀ ਦੇ ਬਾਰੇ ਵਿੱਚ ਲਾਭਦਾਇਕ ਗੁਰ ਅਤੇ ਬਹੁਮੁੱਲੀ ਜਾਣਕਾਰੀ ਦੇਵੇਗਾ।

## ਸਵੈ ਸੇਵਾ ਦਾ ਰੁਪਾਂਤਰਣ ਕੀ ਹੈ?

ਜੇ ਤੁਸੀਂ ਪਹਿਲਾਂ ਤੋਂ ਹੀ ਕਿਸੇ ਕਮੀਓਨਟੀ ਜਮਾਤ, ਸੇਵਾ ਸਭਾ ਅਤੇ ਸਰਕਾਰੀ ਜਾਂ ਲਾਭਰਹਿਤ ਸੰਗਠਨ ਲਈ ਸਵੈ ਸੇਵਾ ਕਰ ਰਹੇ ਹੋ ਤਾਂ ਤੁਸੀਂ ਇਸਨੂੰ Ontario Works ਕਮੀਓਨਟੀ ਪਾਰਟੀਸਿਪੇਸ਼ਨ ਅਵਸਰ ਦੇ ਤੌਰ ਤੇ ਗਿਣ ਸਕਦੇ ਹੋ।

ਤੁਹਾਡੇ ਵਰਤਮਾਨ ਸਵੈ ਸੇਵਾ ਸਮੇਂ ਨੂੰ ਕਮੀਓਨਟੀ ਪਾਰਟੀਸਿਪੇਸ਼ਨ ਸਮੇਂ ਵਿੱਚ ਬਦਲਣ ਲਈ ਉਸ ਸੰਗਠਨ ਜਿਸ ਲਈ ਤੁਸੀਂ ਸਵੈ ਸੇਵਾ ਕਰ ਰਹੇ ਹੋ, ਨੂੰ ਸਿਰਫ ਇੱਕ ਪੱਤਰ ਦੇਣ ਲਈ ਨਿਵੇਦਨ ਕਰੋ ਅਤੇ ਉਹ ਪੱਤਰ ਅਪਣੇ ਸਮਾਜਿਕ ਸਹਾਇਤਾ ਕਾਰਜਕਰਤਾ ਨੂੰ ਦੇ ਦਿਓ। ਪੱਤਰ ਵਿੱਚ ਉਸ ਸੰਗਠਨ ਦਾ ਨਾਂ ਜਿਸ ਲਈ ਤੁਸੀਂ ਸਵੈ ਸੇਵਾ ਕਰ ਰਹੇ ਹੋ, ਮਹੀਨੇ ਵਿੱਚ ਤੁਸੀਂ ਕਿਨ੍ਹੇ ਘੰਟੇ ਤੁਸੀਂ ਸਵੈ ਸੇਵਾ ਕਰਦੇ ਹੋ ਅਤੇ ਕਿਸ ਕਿਸਮ ਦੇ ਕਾਰਜ ਕਰਦੇ ਹੋ, ਬਾਰੇ ਜ਼ਰੂਰ ਦੱਸਿਆ ਹੋਣਾ ਚਾਹੀਦਾ ਹੈ। ਤੁਹਾਡਾ ਕਾਰਜਕਰਤਾ ਇਹ ਨਿਸ਼ਚਿਤ ਕਰੇਗਾ ਕਿ ਤੁਹਾਨੂੰ ਸਵੈ ਸੇਵਾ ਨੂੰ ਚਾਲੂ ਰੱਖਣ ਲਈ ਜ਼ਰੂਰੀ ਹਿਮਾਇਤ ਮਿਲੇ ਅਤੇ ਤੁਹਾਡਾ ਸਵੈ ਸੇਵਾ ਦਾ ਸਮ੍ਹਾਂ Ontario Works ਕਾਰਜ ਦੇ ਤੌਰ ਤੇ ਗਿਣਿਆ ਜਾਵੇ।

## ਮੈ ਕਿਸ ਤਰ੍ਹਾਂ ਦੇ ਸਵੈ ਸੇਵਾ ਕਾਰਜਾਂ ਵਿੱਚ ਭਾਗ ਲੈ ਸਕਦਾ ਹਾਂ?

ਸਿਰਫ ਤੁਹਾਡੀ ਕਲਪਨਾ ਹੀ ਕਮੀਓਨਟੀ ਪਾਰਟੀਸਿਪੇਸ਼ਨ ਅਵਸਰ ਦੇ ਕਾਰਜਾਂ ਦੇ ਦਾਇਰੇ ਦੀ ਹਦ ਹੈ। ਸ਼ਾਇਦ ਇਹ ਸੂਚੀ ਤੁਹਾਡੇ ਯੋਗ ਅਵਸਰ ਬਾਰੇ ਸੋਚਣ ਵਿੱਚ ਤੁਹਾਡੀ ਸਹਾਇਤਾ ਕਰੇ:

- ਵਿਕਰੈ, ਕਲਰਕ, ਸੁਆਗਤ ਅਤੇ ਦਫਤਰ ਦਾ ਕੰਮ
- ਕੰਪਯੂਟਰ ਦਾ ਕੰਮ ਜਿਵੇਂਕਿ ਪਰੋਗਰਾਮਿੰਗ, ਅੰਕੜਿਆਂ ਦਾ ਇੰਦਰਾਜ ਅਤੇ ਤਕਨੀਕੀ ਸਹਾਇਤਾ
- ਲੇਖਾਕਾਰੀ ਅਤੇ ਵਹੀ ਖਾਤਾ
- ਵਿਸ਼ੇਸ਼ ਯੋਜਨਾਵਾਂ, ਵਿਸ਼ੇਸ਼ ਪਰਯੋਜਨਾਂ, ਪਰਯਟਨ, ਪਰਮਾਰਥ ਲਈ ਧਨ ਇਕਤ੍ਰ ਕਰਨਾ, ਸੋਧ
- ਬੱਚਿਆਂ ਦੇ ਦੇਖ ਭਾਲ ਕੇਂਦ੍ਰਾਂ, ਬਿਰਧਾਂ ਦੇ ਘਰਾਂ, ਹਸਪਤਾਲਾਂ ਵਿੱਚ ਸਹਾਇਤਾ ਪ੍ਰਦਾਨ ਕਰਨਾ
- ਨਿਜੀ ਪੜ੍ਹਾਈ ਕਰਾਉਣ ਵਾਲੇ ਦੇ ਤੌਰ ਤੇ ਕੰਮ ਕਰਨਾ, ਸਕੂਲਾਂ, ਅਜਾਇਬਘਰਾਂ ਅਤੇ ਲਾਇਬਰੇਰੀਆਂ ਵਿੱਚ ਸਹਾਇਤਾ ਪ੍ਰਦਾਨ ਕਰਨਾ
- ਖਿਡਾਰੀ ਜਮਾਤਾਂ, ਵਾਯੂ ਮੰਡਲ ਜਾਂ ਮਨੋਰੰਜਨ ਜਮਾਤਾਂ ਦੇ ਨਾਲ ਕੰਮ ਕਰਨਾ
- ਭੂ ਸੁਆਰਨ ਦਾ ਕੰਮ, ਸਾਂਭ ਸੰਭਾਲ, ਪੁਨਰ ਸਥਾਪਨ ਜਾਂ ਬਚਾਓ

## ਕੀ ਤੁਸੀਂ ਵਧੇਰੀ ਜਾਣਕਾਰੀ ਚਾਹੁੰਦੇ ਹੋ?

ਤੁਹਾਨੂੰ ਕਮੀਓਨਟੀ ਪਾਰਟੀਸਿਪੇਸ਼ਨ ਪਰੋਗ੍ਰਾਮ ਵਿੱਚ ਭਾਗ ਲੈਣ ਲਈ ਲੋੜੀਂਦੀ ਸਾਰੀ ਜਾਣਕਾਰੀ ਦੇਣ ਲਈਂ ਨਟਓਰੀਂ ਵੋਰਕਸ ਨੇਮ ਬੱਧ ਗੋਸ਼ਠੀਆਂ ਦਾ ਆਯੋਜਨ ਕਰਦਾ ਹੈ। ਅੱਜ ਹੀ ਨਾਂ ਦਰਜ ਕਰਾਉਣ ਲਈ ਆਪਣੇ ਸਮਾਜਿਕ ਸਹਾਇਤਾ ਕਾਰਜਕਰਤਾ ਨਾਲ ਸੰਪਰਕ ਕਰੋ।

**...ਸਾਂਝਿਆਂ ਹਰ ਇੱਕ ਦਾ ਵਧੇਰਾ ਫਾਇਦਾ ਹੈ**

Ontario Works
Together, We Will Do It